**ਡੀਲਰ** ਕੋਈ ਵਿਅਕਤੀ ਜਾਂ ਕੰਪਨੀ ਜੋ (a) ਤਾਜ਼ੇ ਫਲਾਂ ਅਤੇ ਸਬਜ਼ੀਆਂ ਦੀ ਖਰੀਦ ਜਾਂ ਵੇਚ ਦੇ ਕਾਰੋਬਾਰ ਵਿੱਚ ਸ਼ਾਮਲ ਹੈ; (b) ਤਾਜ਼ੇ ਫਲਾਂ ਅਤੇ ਸਬਜ਼ੀਆਂ ਦੀ ਸ਼ਮੂਲਿਅਤ ਵਾਲੀਆਂ ਕਨਸਾਇਨਮੈਂਟਾਂ, ਵਿਕਰੀਆਂ, ਖਰੀਦਦਾਰੀਆਂ ਜਾਂ ਹੋਰਨਾਂ ਲੈਣ-ਦੇਣ ਬਾਰੇ ਸੌਦੇਬਾਜ਼ੀ ਕਰਦਾ ਹੈ; (c) ਤਾਜ਼ੇ ਫਲਾਂ ਅਤੇ ਸਬਜ਼ੀਆਂ ਨੂੰ ਕਮਿਸ਼ਨ 'ਤੇ ਪ੍ਰਾਪਤ ਕਰਦਾ ਹੈ ਜਾਂ ਸੰਭਾਲਦਾ ਹੈ; ਜਾਂ (d) ਜਿਸ ਨੂੰ CAP ਕਾਨੂੰਨ (CAP Act) ਦੇ ਉਦੇਸ਼ਾਂ ਲਈ ਡੀਲਰ ਵੱਜੋਂ ਨਿਯਤ ਕੀਤਾ ਜਾਂਦਾ ਹੈ।

**<u>ਭਾਗ 1 ਨਾਮ</u>**

**ਕਾਨੂੰਨੀ ਇਕਾਈ ਦਾ ਨਾਮ** ਢੁਕਵੀਂ ਸਰਕਾਰੀ ਇਕਾਈ ਨਾਲ ਰਜਿਸਟਰਡ ਪੂਰਾ ਕਾਨੂੰਨੀ ਨਾਮ।

**ਵਪਾਰਕ ਨਾਮ** ਉਹ ਨਾਮ ਜਿਸ 'ਤੇ ਤੁਸੀਂ ਕਾਰੋਬਾਰ ਕਰਦੇ ਹੋ, ਜੇ ਇਹ ਤੁਹਾਡੀ ਕਾਨੂੰਨੀ ਇਕਾਈ ਦੇ ਨਾਮ ਤੋਂ ਵੱਖਰਾ ਹੈ। ਕਿਰਪਾ ਕਰਕੇ ਆਪਣੇ ਲੋਗੋ, ਕਿਸੇ ਵੱਖਰੀ ਕਾਨੂੰਨੀ ਇਕਾਈ ਜਾਂ ਸਹਾਇਕ ਕੰਪਨੀਆਂ ਤੋਂ ਨਾਮ ਨਾ ਸ਼ਾਮਲ ਕਰੋ।

**<u>ਭਾਗ 2 ਬਿਜਨੈਸ ਨੰਬਰ</u>**

**ਬਿਜ਼ਨਸ ਨੰਬਰ** ਕੈਨੇਡਾ ਰੈਵਨਿਊ ਏਜੰਸੀ (Canada Revenue Agency) ਦੁਆਰਾ ਜਾਰੀ ਕੀਤਾ ਜਾਂਦਾ ਬਿਜਨੈਸ ਨੰਬਰ (BN) ਕਾਰੋਬਾਰਾਂ ਨੂੰ ਸੰਘੀ, ਸੂਬਾਈ ਅਤੇ ਮਿਉਨਿਸਪਲ ਸਰਕਾਰਾਂ ਨਾਲ ਆਪਣੇ ਲੈਣ-ਦੇਣ ਨੂੰ ਸਰਲ ਬਣਾਉਣ ਦੇ ਸਮਰੱਥ ਬਣਾਉਂਦਾ ਹੈ। ਸਾਰੇ ਕਾਰੋਬਾਰਾਂ ਨੂੰ BN ਦੀ ਲੋੜ ਨਹੀਂ ਹੁੰਦੀ। ਜ਼ਿਆਦਾ ਜਾਣਕਾਰੀ ਲੈਣ ਲਈ ਤੁਸੀਂ CRA ਵੈਬਸਾਈਟ http://www.cra-arc.gc.ca/tx/bsnss/tpcs/bn-ne/wrks-eng.html/ ਦੇਖਣ ਜਾਂ CRA ਨੂੰ (800-959-5525) 'ਤੇ ਕਾਲ ਕਰਨ ਦੇ ਇੱਛੁਕ ਹੋ ਸਕਦੇ ਹੋ

**<u>ਭਾਗ 3 ਸੰਪਰਕ ਕਰਨ ਦੀ ਜਾਣਕਾਰੀ</u>**

**ਕੰਪਨੀ ਦੀ ਸੰਪਰਕ ਕਰਨ ਦੀ ਜਾਣਕਾਰੀ** ਕਿਰਪਾ ਕਰਕੇ ਬਜ਼ਾਰੀ ਗਤੀਵਿਧੀਆਂ ਕਰਵਾਉਣ ਵਾਲੇ ਟਿਕਾਣੇ ਲਈ ਸੰਪਰਕ ਜਾਣਕਾਰੀ ਦਿਓ।

**ਸੰਪਰਕ ਕਰਨ ਲਈ ਵਿਅਕਤੀ** ਕਿਰਪਾ ਕਰਕੇ ਉਸ ਵਿਅਕਤੀ ਦੀ ਸੰਪਰਕ ਜਾਣਕਾਰੀ ਮੁਹੱਈਆ ਕਰੋ ਜਿਸ ਬਾਰੇ ਤੁਸੀਂ ਚਾਹੋਗੇ ਕਿ DRC ਉਸ ਨਾਲ ਗੱਲਬਾਤ ਕਰੇ। ਇਸ ਵਿਅਕਤੀ ਨੂੰ ਜ਼ਿੰਮੇਵਾਰਾਨਾ ਢੰਗ ਨਾਲ ਜੁੜੇ ਹੋਣ ਦੀ ਲੋੜ ਨਹੀਂ ਹੁੰਦੀ (ਭਾਗ 9 ਦੇਖੋ); ਪਰ ਜੇ ਉਹ ਜ਼ਿੰਮੇਵਾਰਾਨਾ ਢੰਗ ਨਾਲ ਜੁੜੇ ਹੋਣ ਵੱਜੋਂ ਸੂਚੀਬੱਧ ਨਹੀਂ ਹਨ ਅਤੇ ਤੁਸੀਂ ਉਹਨਾਂ ਨੂੰ ਇੱਥੇ ਸ਼ਾਮਲ ਕਰਦੇ ਹੋ, ਤਾਂ ਤੁਸੀਂ ਉਹਨਾਂ ਨੂੰ ਤੁਹਾਡੀ DRC ਮੈਂਬਰਸ਼ਿਪ ਵਿੱਚ ਤਬਦੀਲੀਆਂ ਕਰਨ ਲਈ ਅਧਿਕਾਰ ਦੇ ਰਹੇ ਹੁੰਦੇ ਹੋ ਜੋ ਬੰਧਨਕਾਰੀ ਹੋ ਸਕਦੀਆਂ ਹਨ।

**<u>ਭਾਗ 4 ਮਲਕੀਅਤ ਦੀਆਂ ਕਿਸਮਾਂ</u>**

**ਕਾਰਪੋਰੇਸ਼ਨ** ਕੋਈ ਕੰਪਨੀ ਜਾਂ ਲੋਕਾਂ ਦਾ ਸਮੂਹ ਜਿਸ ਨੂੰ ਆਪਣੇ ਹਿੱਸੇਦਾਰਾਂ ਅਤੇ ਡਾਇਰੈਕਟਰਾਂ ਤੋਂ ਇਲਾਵਾ ਵੱਖਰੀ ਕਾਨੂੰਨੀ ਹੋਂਦ ਨਾਲ ਇੱਕਹਰੀ ਇਕਾਈ ਵੱਜੋਂ ਕਾਰਵਾਈ ਕਰਨ ਲਈ ਅਧਿਕਾਰ ਦਿੱਤਾ ਜਾਂਦਾ ਹੈ ਅਤੇ ਕਾਨੂੰਨ ਵਿੱਚ ਉਸੇ ਰੂਪ ਵਿੱਚ ਮਾਨਤਾ ਦਿੱਤੀ ਜਾਂਦੀ ਹੈ।

**ਇਕੱਲੀ ਮਾਲਕੀ** ਕੋਈ ਕਾਰੋਬਾਰ (ਨਿਗਮਿਤ ਨਹੀਂ) ਜੋ ਪੂਰੀ ਤਰ੍ਹਾਂ ਨਾਲ ਇੱਕ ਵਿਅਕਤੀ ਦੀ ਮਲਕੀਅਤ ਹੁੰਦਾ ਹੈ। ਇਕੱਲੀ ਮਲਕੀਅਤ ਇਸ ਦੇ ਮਾਲਕ ਤੋਂ ਵੱਖਰੀ ਕਾਨੂੰਨੀ ਇਕਾਈ ਨਹੀਂ ਹੁੰਦੀ।

**ਪਾਰਟਨਰਸ਼ਿਪ (ਭਾਈਵਾਲੀ)** ਖੋਈ ਕਾਰੋਬਾਰ (ਨਿਗਮਿਤ ਨਹੀਂ) ਜਿਸ 'ਤੇ ਦੋ ਵਿਅਕਤੀਆਂ ਦੀ ਮਲਕੀਅਤ ਹੁੰਦੀ ਹੈ। ਕੋਈ ਪਾਰਟਨਰਸ਼ਿਪ ਆਪਣੇ ਮਾਲਕਾਂ ਤੋਂ ਵੱਖਰੀ ਕਾਨੂੰਨੀ ਇਕਾਈ ਨਹੀਂ ਹੁੰਦੀ।

| | |
|---|---|
| **ਲਿਮਿਟਿਡ ਪਾਰਟਨਰਸ਼ਿਪ (ਸੀਮਿਤ ਭਾਈਵਾਲੀ)** | ਭਾਈਵਾਲੀ ਵਿੱਚ ਸੀਮਤ ਭਾਈਵਾਲ ਅਤੇ ਆਮ ਭਾਈਵਾਲ ਸ਼ਾਮਲ ਹੁੰਦੇ ਹਨ। ਆਮ ਭਾਈਵਾਲਾਂ ਕੋਲ ਫੈਸਲਾ ਲੈਣ ਦਾ ਅਧਿਕਾਰ ਹੁੰਦਾ ਹੈ ਅਤੇ ਜੇ ਭਾਈਵਾਲੀ ਵਿਰੁੱਧ ਸਫਲ ਮੁਕੱਦਮਾ ਕੀਤਾ ਜਾਂਦਾ ਹੈ, ਤਾਂ ਉਹਨਾਂ ਦੀਆਂ ਨਿੱਜੀ ਸੰਪਤੀਆਂ ਬਾਰੇ ਇਹ ਵਿਚਾਰ ਕੀਤਾ ਜਾ ਸਕਦਾ ਹੈ ਕਿ ਕੀ ਕਾਰੋਬਾਰ ਦੀਆਂ ਸੰਪਤੀਆਂ ਕਰਜ਼ਿਆਂ ਨੂੰ ਕਵਰ ਕਰਨ ਲਈ ਨਾਕਾਫੀ ਹਨ। ਸੀਮਤ ਭਾਈਵਾਲ ਕਾਰੋਬਾਰ ਦੇ ਰੋਜ਼ਮਰ੍ਹਾ ਦੇ ਕੰਮਾਂ ਵਿੱਚ ਭਾਗ ਨਹੀਂ ਲੈਂਦੇ ਅਤੇ ਉਹਨਾਂ ਦੀ ਜਵਾਬਦੇਹੀ ਉਸ ਪੈਸੇ ਦੀ ਰਕਮ ਤੱਕ ਸੀਮਤ ਰਹਿੰਦੀ ਹੈ ਜਿਸ ਦਾ ਉਸ ਨੇ ਭਾਈਵਾਲੀ ਵਿੱਚ ਨਿਵੇਸ਼ ਕੀਤਾ ਸੀ। |
| **ਲਿਮਿਟਿਡ ਲਾਇਬਿਲਿਟੀ ਪਾਰਟਨਰਸ਼ਿਪ** | ਲਿਮਿਟਿਡ ਲਾਇਬਿਲਿਟੀ ਪਾਰਟਨਰਸ਼ਿਪ (LLP) ਆਮ ਭਾਈਵਾਲੀ ਅਤੇ ਸੀਮਤ ਭਾਈਵਾਲੀ ਦਰਮਿਆਨ ਇਸ ਲਿਹਾਜ ਨਾਲ ਇੱਕ ਮਿਸ਼ਰਣ ਹੈ ਕਿ LLP ਦੇ ਕਰਜ਼ਿਆਂ ਅਤੇ ਇਸ ਵਿਰੁੱਧ ਦਾਅਵਿਆਂ ਨੂੰ ਸੰਤੁਸ਼ਟ ਕਰਨ ਲਈ LLP ਦੀਆਂ ਸੰਪਤੀਆਂ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ, ਪਰ ਆਮ ਭਾਈਵਾਲੀ ਤੋਂ ਉਲਟ ਲਾਪਰਵਾਹੀ ਲਈ LLP ਵਿਰੁੱਧ ਫੈਸਲਾ ਸਾਰੇ ਭਾਈਵਾਲਾਂ ਦੀਆਂ ਨਿੱਜੀ ਸੰਪਤੀਆਂ ਵਿਰੁੱਧ ਲਾਗੂ ਹੋਣ ਯੋਗ ਨਹੀਂ ਹੋਵੇਗਾ। ਜੇ ਦਾਅਵਾ ਸਫਲ ਹੋ ਜਾਂਦਾ ਹੈ ਤਾਂ ਸਿਰਫ ਉਸੇ ਭਾਈਵਾਲ, ਜੋ ਲਾਪਰਵਾਹ ਸੀ ਜਾਂ ਜੋ ਉਸ ਕਰਮਚਾਰੀ ਦੀ ਨਿਗਰਾਨੀ ਕਰਨ ਜਾਂ ਉਸ 'ਤੇ ਨਿਯੰਤ੍ਰਣ ਰੱਖਣ ਵਿੱਚ ਲਾਪਰਵਾਹ ਸੀ ਜੋ ਲਾਪਰਵਾਹ ਸੀ, ਦੀਆਂ ਸੰਪਤੀਆਂ ਜੋਖਮ ਵਿੱਚ ਆਉਣਗੀਆਂ। ਆਮ ਤੌਰ 'ਤੇ LLP ਦੀ ਵਰਤੋਂ ਪੇਸ਼ੇਵਰਾਂ (ਵਕੀਲਾਂ, ਅਕਾਊਂਟੈਂਟਾਂ, ਇੰਜਨੀਅਰਾਂ) ਵੱਲੋਂ ਕੀਤੀ ਜਾਂਦੀ ਹੈ ਜਿੱਥੇ ਉਹਨਾਂ ਦੀਆਂ ਸੰਚਾਲਨ ਸੰਸਥਾਵਾਂ ਉਹਨਾਂ ਨੂੰ LLPs ਵੱਜੋਂ ਕੰਮ ਕਰਨ ਲਈ ਆਗਿਆ ਦਿੰਦੀਆਂ ਹਨ। |
| **ਕੋਆਪਰੇਟਿਵ ਐਸੋਸੀਏਸ਼ਨ** | ਕੋਈ ਅਜਿਹੀ ਕਾਰਪੋਰੇਸ਼ਨ ਜਿੱਥੇ ਇੱਕੋ ਜਿਹੀਆਂ ਲੋੜਾਂ ਵਾਲੇ ਮੈਂਬਰ ਇੱਕ ਅਜਿਹਾ ਕਾਰੋਬਾਰੀ ਢਾਂਚਾ ਕਾਇਮ ਕਰਨ ਲਈ ਸੰਗਠਿਤ ਹੋਏ ਹਨ ਜਿਸ ਰਾਹੀਂ ਉਹ ਜਾਂ ਤਾਂ ਖਾਸ ਉਤਪਾਦਾਂ ਜਾਂ ਸੇਵਾਵਾਂ ਨੂੰ ਪ੍ਰਾਪਤ ਕਰ ਸਕਦੇ ਹਨ ਜਾਂ ਫੇਰ ਇਹਨਾਂ ਨੂੰ ਸਾਂਝਾ ਕਰ ਸਕਦੇ ਹਨ। ਕਿਸੇ ਕੋਆਪਰੇਟਿਵ ਵਿੱਚ ਹਰੇਕ ਮੈਂਬਰ ਸਵੈ-ਸੇਵੀ ਹੈ ਅਤੇ ਕਾਰੋਬਾਰ ਚਲਾਉਣ ਵਿੱਚ ਇਸਦੀ ਇਕਸਾਰ ਲੋਕਤੰਤਰੀ ਰਾਇ ਹੁੰਦੀ ਹੈ। |

<u>ਭਾਗ 5 **ਕਾਰੋਬਾਰ ਦੀ ਕਿਸਮ**</u>

| | |
|---|---|
| **ਕਾਸ਼ਤਕਾਰ** | ਕੋਈ ਡੀਲਰ ਜੋ ਸਿਰਫ ਉਹਨਾਂ ਤਾਜ਼ੇ ਫਲਾਂ ਅਤੇ ਸਬਜ਼ੀਆਂ ਨੂੰ ਵੇਚਦਾ ਹੈ ਜਿਹਨਾਂ ਨੂੰ ਖੁਦ ਉਗਾਉਂਦਾ ਹੈ। |
| **ਸ਼ਿੱਪਰ** | ਕੋਈ ਡੀਲਰ ਜੋ ਸ਼ਿਪਿੰਗ ਵਾਲੀ ਥਾਂ 'ਤੇ ਕੰਮਕਾਜ ਕਰਦਾ ਹੈ ਅਤੇ ਕਾਸ਼ਤਕਾਰਾਂ ਜਾਂ ਹੋਰਨਾਂ ਤੋਂ ਤਾਜ਼ੇ ਫਲ ਅਤੇ ਸਬਜ਼ੀਆਂ ਖਰੀਦਣ ਅਤੇ ਅਜਿਹੇ ਤਾਜ਼ੇ ਫਲਾਂ ਅਤੇ ਸਬਜ਼ੀਆਂ ਨੂੰ ਮੁੜ ਵੇਚ ਰਾਹੀਂ ਜਾਂ ਹੋਰਨਾਂ ਤਰੀਕਿਆਂ ਰਾਹੀਂ ਵਪਾਰ ਵਿੱਚ ਵੰਡਣ ਦੇ ਕਾਰੋਬਾਰ ਵਿੱਚ ਸ਼ਾਮਲ ਹੈ ਜਾਂ ਜੋ ਹੋਰਨਾਂ ਨਾਲ ਸਾਂਝੇ ਖਾਤੇ 'ਤੇ ਅਜਿਹੇ ਤਾਜ਼ੇ ਫਲਾਂ ਅਤੇ ਸਬਜ਼ੀਆਂ ਨਾਲ ਕੰਮ ਕਰਦਾ ਹੈ। |
| **ਪ੍ਰੋਸੈਸਰ** | ਕੋਈ ਡੀਲਰ ਜੋ ਡੱਬਾਬੰਦ ਕਰਨ ਲਈ ਜਾਂ ਉਤਪਾਦ ਵਿੱਚ ਭੌਤਿਕ ਤਬਦੀਲੀ ਲਿਆਉਣ ਦੇ ਉਦੇਸ਼ਾਂ ਲਈ ਤਾਜ਼ੇ ਫਲ ਅਤੇ ਸਬਜ਼ੀਆਂ ਖਰੀਦਦਾ ਹੈ। |
| **ਬ੍ਰੋਕਰ** | ਵਿਕ੍ਰੇਤਾ ਜਾਂ ਖਰੀਦਦਾਰ ਲਈ ਜਾਂ ਉਸਦੀ ਤਰਫ਼ੋਂ, ਤਾਜ਼ੇ ਫਲਾਂ ਅਤੇ ਸਬਜ਼ੀਆਂ ਦੀ ਕ੍ਰਮਵਾਰ ਵਿਕਰੀ ਅਤੇ ਖਰੀਦ ਦੀ ਸੌਦੇਬਾਜ਼ੀ ਵਿੱਚ ਜੋੜਿਆ ਕੋਈ ਵੀ ਵਿਅਕਤੀ। ਬ੍ਰੋਕਰ ਦੇ ਕੋਲ ਤਾਜ਼ੇ ਫਲਾਂ ਅਤੇ ਸਬਜ਼ੀਆਂ ਦਾ ਕਾਨੂੰਨੀ ਅਧਿਕਾਰ ਨਹੀਂ ਹੁੰਦਾ ਹੈ। |
| **ਹੋਲਸੇਲਰ (ਥੋਕ-ਵਪਾਰੀ)** | ਕੋਈ ਅਜਿਹਾ ਡੀਲਰ ਜੋ ਅੰਤਿਮ ਗਾਹਕ ਤੋਂ ਇਲਾਵਾ ਕਿਸੇ ਵਿਅਕਤੀ ਨੂੰ ਮੁੜ ਵੇਚਣ ਦੇ ਇਰਾਦੇ ਨਾਲ ਤਾਜ਼ੇ ਫਲ ਜਾਂ ਸਬਜ਼ੀ ਦਾ ਕਾਨੂੰਨੀ ਅਧਿਕਾਰ ਅਤੇ ਕਬਜ਼ਾ ਲੈਂਦਾ ਹੈ। |
| **ਕਮਿਸ਼ਨ ਮਰਚੈਂਟ** | ਕੋਈ ਵੀ ਵਿਅਕਤੀ ਜੋ ਕਮਿਸ਼ਨ 'ਤੇ, ਜਾਂ ਕਿਸੇ ਹੋਰ ਲਈ ਜਾਂ ਕਿਸੇ ਹੋਰ ਤਰਫ਼ੋਂ ਵਿਕਰੀ ਲਈ ਕਿਸੇ ਵੀ ਤਾਜ਼ੇ ਫਲਾਂ ਅਤੇ ਸਬਜ਼ੀਆਂ ਨੂੰ ਪ੍ਰਾਪਤ ਕਰਨ ਦੇ ਕਾਰੋਬਾਰ ਵਿੱਚ ਸ਼ਾਮਲ ਹੈ। |
| **ਫੂਡਸਰਵਿਸ** | ਇਸ ਵਿੱਚ ਫੂਡਸਰਵਿਸ ਆਪਰੇਟਰ (ਜਿਵੇਂ ਕਿ ਸ਼ੈੱਫ, ਫੂਡਸਰਵਿਸ ਡਾਇਰੈਕਟਰ, ਭੋਜਨ ਤਿਆਰ ਕਰਨ ਲਈ ਸੁਤੰਤਰ ਕਾਰੋਬਾਰ) ਜਾਂ ਫੂਡਸਰਵਿਸ ਡਿਸਟ੍ਰਿਬਿਊਟਰ ਸ਼ਾਮਲ ਹੈ (ਫੂਡ ਸਰਵਿਸ ਆਪਰੇਟਰਾਂ ਅਤੇ ਭੋਜਨ ਉਤਪਾਦਕਾਂ ਦਰਮਿਆਨ ਇੱਕ ਸਾਲਸੀ ਜੋ ਫੂਡਸਰਵਿਸ ਆਪਰੇਟਰਾਂ ਲਈ ਤਾਜ਼ੇ ਫਲ ਅਤੇ ਸਬਜ਼ੀਆਂ ਖਰੀਦਦਾ, ਸਟੋਰ ਕਰਦਾ ਹੈ, ਵੇਚਦਾ ਹੈ ਅਤੇ/ਜਾਂ ਉਹਨਾਂ ਤੱਕ ਪਹੁੰਚਾਉਂਦਾ ਹੈ)। |
| **ਰਿਟੇਲਰ** | ਕੋਈ ਡੀਲਰ ਜੋ ਅੰਤਿਮ ਗਾਹਕ ਨੂੰ ਕਿਸੇ ਵੀ ਤਾਜ਼ੇ ਫਲਾਂ ਅਤੇ ਸਬਜ਼ੀਆਂ ਦੀ ਸਿੱਧੀ ਵੇਚ ਦੇ ਕਾਰੋਬਾਰ ਵਿੱਚ ਸ਼ਾਮਲ ਹੈ। |
| **ਟ੍ਰਾਂਸਪੋਰਟੇਸ਼ਨ ਬ੍ਰੋਕਰ** | ਇੱਕ ਵਿਚੋਲੀਆ ਜੋ ਇੱਕ ਜਾਂ ਇੱਕ ਤੋਂ ਵੱਧ ਕਿਸਮਾਂ ਦੀਆਂ ਟ੍ਰਾਂਸਪੋਰਟੇਸ਼ਨ ਸੇਵਾਵਾਂ ਦਾ ਇੰਤਜ਼ਾਮ ਕਰਦਾ ਹੈ। |
| **ਫ੍ਰੇਟ ਕੰਟਰੈਕਟਰ** | ਕੋਈ ਵਿਅਕਤੀ ਜਾਂ ਕੰਪਨੀ ਜੋ ਤਾਜ਼ੇ ਫਲਾਂ ਅਤੇ ਸਬਜ਼ੀਆਂ ਦੀ ਟ੍ਰਾਂਸਪੋਰਟੇਸ਼ਨ ਦਾ ਇੰਤਜ਼ਮ ਕਰਦਾ/ਕਰਦੀ ਹੈ। ਉਹ ਲੈਣ-ਦੇਣਾਂ ਵਿੱਚ ਪ੍ਰਿੰਸੀਪਲ ਵੱਜੋਂ ਭੂਮਿਕਾ ਨਿਭਾਉਂਦੇ ਹਨ ਅਤੇ ਦਾਅਵਿਆਂ ਲਈ ਜ਼ਿੰਮੇਵਾਰ ਹੁੰਦੇ ਹਨ। |

**ਕੈਰੀਅਰ** ਕੋਈ ਵਿਅਕਤੀ ਜਾਂ ਕੰਪਨੀ ਜੋ ਤਾਜ਼ੇ ਫਲਾਂ ਅਤੇ ਸਬਜ਼ੀਆਂ ਦੀ ਢੁਆਈ ਵਿੱਚ ਸ਼ਾਮਲ ਹੈ।

**ਡਿਸਟ੍ਰਿਬਿਊਟਰ** ਕੋਈ ਅਜਿਹਾ ਡੀਲਰ ਜੋ ਤਾਜ਼ੇ ਫਲਾਂ ਅਤੇ ਸਬਜ਼ੀਆਂ ਨੂੰ ਅੰਤਿਮ ਗਾਹਕ ਤੋਂ ਇਲਾਵਾ ਕਿਸੇ ਹੋਰ ਨੂੰ ਮੁੜ ਵੇਚਣ ਦੇ ਉਦੇਸ਼ਾਂ ਲਈ ਇਹਨਾਂ ਨੂੰ ਭੌਤਿਕ ਰੂਪ ਵਿੱਚ ਕਬਜ਼ੇ ਵਿੱਚ ਲਏ ਬਿਨਾਂ ਇਹਨਾਂ ਦਾ ਅਧਿਕਾਰ ਲੈਂਦਾ ਹੈ।

<u>ਭਾਗ 6 **ਕਾਰੋਬਾਰ ਵਿੱਚ ਸਾਲਾਂ ਦੀ ਸੰਖਿਆ**</u>

**ਕਾਰੋਬਾਰ ਵਿੱਚ ਸਾਲ** ਕਿਰਪਾ ਕਰਕੇ ਉਹਨਾਂ ਸਾਲਾਂ ਦੀ ਸੰਖਿਆ ਦੱਸੋ ਜਿੰਨੀ ਦੇਰ ਤੋਂ ਕਾਨੂੰਨੀ ਇਕਾਈ ਹੋਂਦ ਵਿੱਚ ਹੈ। ਜੇ ਕਾਰੋਬਾਰ ਨੇ ਕਾਨੂੰਨੀ ਰੂਪ ਬਦਲ ਲਿਆ ਹੈ (ਮਿਸਾਲ: ਅਸਲ ਵਿੱਚ ਏਕਲ ਮਲਕੀਅਤ ਸੀ ਜੋ ਬਾਅਦ ਵਿੱਚ ਕਾਰਪੋਰੇਸ਼ਨ ਬਣ ਗਈ) ਤਾਂ ਕਿਰਪਾ ਕਰਕੇ ਇਹ ਦੱਸੋ ਕਿ ਸਭ ਤੋਂ ਨਵੀਂ ਕਾਨੂੰਨੀ ਇਕਾਈ ਕਦੋਂ ਬਣੀ ਸੀ।

<u>ਭਾਗ 7 **ਤੁਹਾਨੂੰ** DRC **ਬਾਰੇ ਕਿਵੇਂ ਪਤਾ ਲੱਗਾ**</u>

ਕਿਰਪਾ ਕਰਕੇ ਦੱਸੋ ਕਿ ਤੁਹਾਨੂੰ DRC ਬਾਰੇ ਕਿਵੇਂ ਪਤਾ ਲੱਗਾ। ਇਹ ਕਿਸੇ ਸਾਥੀ ਮੈਂਬਰ ਤੋਂ; ਕਿਸੇ ਸੰਚਾਲਨ ਸੰਸਥਾ ਤੋਂ; ਕਿਸੇ ਬ੍ਰੋਕਰ ਜਾਂ ਵਪਾਰਕ ਐਸੋਸੀਏਸ਼ਨ ਤੋਂ ਹੋ ਸਕਦਾ ਹੈ; ਤੁਸੀਂ ਪਹਿਲਾਂ ਇੱਕ ਮੈਂਬਰ ਸੀ; ਔਨਲਾਈਨ ਖੋਜ ਕਰਕੇ; ਵਗੈਰਾ-ਵਗੈਰਾ।

<u>ਭਾਗ 8 **ਕੀ ਤੁਸੀਂ ਆਪਣਾ ਕਾਰੋਬਾਰ ਸਾਰੇ ਸਾਲ ਦੌਰਾਨ ਕਰਦੇ ਹੋ**</u>

ਇਹ ਪ੍ਰਸ਼ਨ ਮੌਸਮੀ ਕੰਮਕਾਜਾਂ ਵੱਲ ਸੇਧਤ ਹੈ। ਤੁਹਾਡੇ ਆਫ਼-ਸੀਜ਼ਨ ਵਿੱਚ ਮੈਂਬਰਸ਼ਿਪ ਬਾਰੇ ਅਹਿਮ ਜਾਣਕਾਰੀ ਨਾਲ ਤੁਹਾਨੂੰ ਸੰਪਰਕ ਕਰਨ ਵਿੱਚ ਸਾਡੀ ਮਦਦ ਲਈ, ਜੇਕਰ ਇਹ ਉਹਨਾਂ ਮਹੀਨਿਆਂ ਵਿੱਚ ਬਦਲਦੀ ਹੈ ਜਿਹਨਾਂ ਵਿੱਚ ਤੁਸੀਂ ਕੰਮ ਨਹੀਂ ਕਰ ਰਹੇ ਹੁੰਦੇ, ਤਾਂ ਕਿਰਪਾ ਕਰਕੇ ਸੰਪਰਕ ਜਾਣਕਾਰੀ ਸ਼ਾਮਲ ਕਰੋ।

<u>ਭਾਗ 9 **ਕਾਰੋਬਾਰ ਦੇ ਜ਼ਿੰਮੇਵਾਰਾਨਾ ਢੰਗ ਨਾਲ ਜੁੜੇ ਪ੍ਰਤੀਨਿਧੀ**</u>

**ਜ਼ਿੰਮੇਵਾਰਾਨਾ ਢੰਗ ਨਾਲ ਜੁੜੇ ਵਿਅਕਤੀ** ਕਿਰਪਾ ਕਰਕੇ ਅੱਗੇ ਦਿੱਤੇ ਵਿਅਕਤੀਆਂ ਦੀ ਸੂਚੀ ਦੇਣ ਲਈ ਇਸ ਭਾਗ ਦੀ ਵਰਤੋਂ ਕਰੋ:

- ਹਿੱਸਿਆਂ ਦੇ ਨਾਲ ਜਾਂ ਇਹਨਾਂ ਦੇ ਬਿਨਾਂ ਸਾਰੇ ਭਾਈਵਾਲ, ਮੈਂਬਰ, ਅਧਿਕਾਰੀ, ਡਾਇਰੈਕਟਰ;
- ਸਟੌਕ ਵਿੱਚ 10% ਤੋਂ ਜ਼ਿਆਦਾ ਦੇ ਹਿੱਸੇ ਵਾਲਾ ਹਿੱਸੇਦਾਰ ਭਾਵੇਂ ਉਹ ਰੋਜ਼ਮਰਾ ਦੇ ਕੰਮਕਾਜਾਂ ਵਿੱਚ ਸ਼ਾਮਲ ਨਹੀਂ ਹੈ। (ਇੱਕ ਹਿੱਸੇਦਾਰ ਇੱਕ ਹੋਰ ਕੰਪਨੀ ਵੀ ਹੋ ਸਕਦੀ ਹੈ); <u>ਜਾਂ,</u>
- ਕੋਈ ਐਗਜ਼ੀਕਿਊਟਿਵ ਜਾਂ ਮੈਨੇਜਰ ਜੋ ਕੰਪਨੀ ਦੇ ਰੋਜ਼ਮਰਾ ਦੇ ਕੰਮਕਾਜਾਂ ਵਿੱਚ ਸ਼ਾਮਲ ਹੈ ਜਿਸ ਕੋਲ ਕਾਰੋਬਾਰ ਤਰਫੋਂ ਇਕਰਾਰਨਾਮੇ ਅਧਿਨ ਵਚਨਬੱਧਤਾਵਾਂ ਕਰਨ ਦਾ ਅਧਿਕਾਰ ਹੈ।

<u>ਭਾਗ 10 **ਐਲਾਨ**</u>

**ਘੋਸ਼ਣਾ** ਪ੍ਰਸ਼ਨਾਂ ਦਾ ਉੱਤਰ ਲਾਜ਼ਮੀ ਤੌਰ 'ਤੇ ਇਮਾਨਦਾਰੀ ਅਤੇ ਦਰੁਸਤਤਾ ਨਾਲ ਦਿੱਤਾ ਜਾਣਾ ਚਾਹੀਦਾ ਹੈ। ਸੱਚਾਈ ਨਾਲ ਉੱਤਰ ਦੇਣ ਵਿੱਚ ਅਸਫਲਤਾ ਦੇ ਨਤੀਜੇ ਵੱਜੋਂ ਬੌਂਡਿੰਗ ਪ੍ਰਾਵਧਾਨ ਹੋ ਸਕਦੇ ਹਨ ਜਾਂ ਤੁਹਾਡੀ ਮੈਂਬਰਸ਼ਿਪ ਅਰਜ਼ੀ ਤੋਂ ਇਨਕਾਰ ਕੀਤਾ ਜਾ ਸਕਦਾ ਹੈ।

<u>ਭਾਗ **11** ਸਮਝੌਤੇ ਅਤੇ ਸਹਿਮਤੀਆਂ</u>

ਇਹ ਬਹੁਤ ਹੀ ਅਹਿਮ ਖੰਡ ਹੈ ਅਤੇ ਅਸੀਂ ਜੋਰ ਦੇ ਕੇ ਕਹਿੰਦੇ ਹਾਂ ਕਿ ਤੁਸੀਂ ਇਸ ਨੂੰ ਪੜ੍ਹਨ ਲਈ ਸਮਾਂ ਲਗਾਓ। ਇਹ ਤੁਹਾਡੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਦੱਸਦਾ ਹੈ; ਉਹਨਾਂ ਵਿੱਚ ਹੋਰਨਾਂ DRC ਮੈਂਬਰਾਂ ਨਾਲ ਸਾਲਸੀ ਕਰਨ ਲਈ ਤੁਹਾਡੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਸ਼ਾਮਲ ਹਨ।